Punjabi / ਪੰਜਾਬੀ

West Yorkshire Health and Care Partnership

NHS

ਕੀ ਤੁਸੀਂ ਆਪਣੇ ਫੇਫੜਿਆਂ ਦੀ ਸਿਹਤ ਦੀ ਜਾਂਚ ਦੇ ਲਈ ਤਿਆਰ ਹੋ?

- ਕੀ ਤੁਹਾਡੀ ਉਮਰ 55-74 ਦੇ ਵਿਚਕਾਰ ਹੈ?
- ਕੀ ਤੁਸੀਂ ਸਿਗਰੇਟ ਪੀਂਦੇ ਹੋ ਜਾਂ ਨਹੀਂ ਪੀਂਦੇ ਹੋ?

ਤੁਹਾਨੂੰ ਫੇਫੜਿਆਂ ਦੀ ਸਿਹਤ ਦੀ ਜਾਂਚ ਦੇ ਲਈ ਨਿਯੌਤਾ ਦਿੱਤਾ ਜਾ ਸਕਦਾ ਹੈ, ਕਿਰਪਾ ਕਰਕੇ ਆਪਣੇ ਨਿਯੌਤੇ ਦੇ ਲਈ ਇੰਤਜ਼ਾਰ ਕਰੋ। ਜੇਕਰ ਤੁਹਾਨੂੰ ਸਾਹ ਸੰਬੰਧੀ ਸਮੱਸਿਆਵਾਂ ਹੋ ਰਹੀਆਂ ਹਨ ਜਾਂ ਤੁਹਾਡੀ ਖੰਘ ਨਹੀਂ ਜਾ ਰਹੀ ਹੈ ਤਾਂ ਕਿਰਪਾ ਕਰਕੇ ਆਪਣੀ GP ਪ੍ਰੈਕਟਿਸ ਦੇ ਨਾਲ ਸੰਪਰਕ ਕਰੋ।

ਵਧੇਰੀ ਜਾਣਕਾਰੀ ਦੇ ਲਈ lunghealthcheckaware.co.uk 'ਤੇ ਜਾਓ

ਫੇਫੜਿਆਂ ਦੀ ਸਿਹਤ ਦੀ ਜਾਂਚ ਪ੍ਰਕਿਰਿਆ

ਪਹਿਲਾ ਕਦਮ

ਇੱਕ ਸਿਹਤ ਦੇਖਭਾਲ ਪੇਸ਼ੇਵਰ ਤੁਹਾਡੀ ਸਾਹ ਪ੍ਰਕਿਰਿਆ, ਫੇਫੜਿਆਂ ਦੀ ਸਮੁੱਚੀ ਸਿਹਤ, ਜੀਵਨਸ਼ੈਲੀ ਅਤੇ ਪਰਿਵਾਰ ਅਤੇ ਡਾਕਟਰੀ ਇਤਿਹਾਸ ਬਾਰੇ ਚਰਚਾ ਕਰਨ ਦੇ ਲਈ ਤੁਹਾਨੂੰ ਕਾਲ ਕਰੇਗਾ।

ਦੂਸਰਾ ਕਦਮ

ਇਸ ਗੱਲ ਦੀ ਜਾਂਚ ਕਰਨ ਦੇ ਲਈ ਕਿ ਤੁਹਾਡੇ ਫੇਫੜੇ ਸਿਹਤਮੰਦ ਹਨ, ਤੁਹਾਨੂੰ ਫੇਫੜਿਆਂ ਦੀ ਜਾਂਚ ਕਰਵਾਉਣ ਦੇ ਲਈ ਕਿਹਾ ਜਾ ਸਕਦਾ ਹੈ। ਜੇਕਰ ਤੁਹਾਨੂੰ ਸਾਹ ਜਾਂ ਫੇਫੜਿਆਂ ਸੰਬੰਧੀ ਸਮੱਸਿਆਵਾਂ ਹੁੰਦੀਆਂ ਹਨ ਪਰ ਤੁਹਾਨੂੰ ਸਕੈਨ ਦੀ ਲੋੜ ਨਹੀਂ ਹੈ, ਤਾਂ ਤੁਹਾਨੂੰ ਤੁਹਾਡੀ GP ਪ੍ਰੈਕਟਿਸ ਵਿੱਚ ਰੈਫਰ ਕੀਤਾ ਜਾ ਸਕਦਾ ਹੈ।

ਤੀਸਰਾ ਕਦਮ

ਜੇਕਰ ਤੁਹਾਨੂੰ ਸਕੈਨ ਦੀ ਲੋੜ ਹੈ ਤਾਂ ਤਹਾਨੂੰ ਸਾਡੇ ਮੋਬਾਈਲ CT ਸਕੈਨਰ 'ਤੇ ਨਿਯੌਤਾ ਦਿੱਤਾ ਜਾਏਗਾ, ਜੋ ਕਿ ਤੁਹਾਡੇ ਫੇਫੜਿਆਂ ਦੀ ਵਿਸਤ੍ਰਿਤ ਤਸਵੀਰ ਲੈਣ ਵਾਲਾ ਇੱਕ ਕੰਪਿਊਟਰ ਹੈ। ਇਹ ਸਕੈਨ ਜਲਦੀ ਹੋ ਜਾਂਦਾ ਹੈ, ਸੌਖਾ ਹੈ ਅਤੇ ਇਸ ਵਿੱਚ ਦਰਦ ਨਹੀਂ ਹੁੰਦਾ।

ਜੇਕਰ ਕਿਸੇ ਵੀ ਇਲਾਜ ਦੀ ਲੋੜ ਹੈ, ਤਾਂ ਇਹ ਵਧੇਰੇ ਅਸਰਦਾਰ ਹੋਵੇਗਾ ਜੇਕਰ ਇਸ ਨੂੰ ਜਲਦੀ ਸ਼ੁਰੂ ਕੀਤਾ ਜਾਵੇ।

ਫੇਫੜਿਆਂ ਦੇ ਕੈਂਸਰ ਦੇ ਕੀ ਲੱਛਣ ਹਨ?

ਫੇਫੜਿਆਂ ਦੇ ਕੈਂਸਰ ਦੇ ਸ਼ੁਰੂਆਤੀ ਚਰਨਾਂ ਵਿੱਚ ਆਮ ਤੌਰ 'ਤੇ ਕੋਈ ਚਿੰਨ੍ਹ ਜਾਂ ਲੱਛਣ ਨਹੀਂ ਹੁੰਦੇ, ਪਰ ਇਸ ਬਿਮਾਰੀ ਤੋਂ ਗ੍ਰਸਤ ਕਈ ਲੋਕ ਅੰਤ ਵਿੱਚ ਹੇਠ ਲਿਖਿਆਂ ਦੇ ਸਮੇਤ ਲੱਛਣ ਵਿਕਸਿਤ ਕਰ ਹੀ ਲੈਂਦੇ ਹਨ:

- ਲਗਾਤਾਰ ਖੰਘ ਆਉਣਾ ਜਾਂ ਤੁਹਾਡੀ ਸਧਾਰਨ ਖੰਘ ਵਿੱਚ ਬਦਲਾਅ
- ਅਚਾਨਕ ਥਕਾਵਟ ਜਾਂ ਭਾਰ ਘਟਣਾ
- ਸਾਹ ਲੈਂਦੇ ਜਾਂ ਖੰਘਦੇ ਹੋਏ ਵੱਟ ਜਾਂ ਦਰਦ
- ਖੰਘ ਵਿੱਚ ਖੂਨ ਆਉਣਾ
- ਸਾਹ ਲੈਣ ਵਿੱਚ ਔਖਿਆਈ
- ਭੁੱਖ ਨਾ ਭੁੱਖ ਨਾ ਲੱਗਣੀਲੱਗਣੀ

ਜੇਕਰ ਤੁਹਾਨੂੰ ਇਹਨਾਂ ਵਿੱਚੋਂ ਇੱਕ ਜਾਂ ਵੱਧ ਲੱਛਣਾਂ ਦਾ ਅਨੁਭਵ ਹੁੰਦਾ ਹੈ, ਤਾਂ ਕਿਰਪਾ ਕਰਕੇ ਆਪਣੀ GP ਪ੍ਰੈਕਟਿਸ ਨਾਲ ਤੁਰੰਤ ਸੰਪਰਕ ਕਰੋ।

ਵਧੇਰੀ ਜਾਣਕਾਰੀ ਦੇ ਲਈ ਅਤੇ ਵੱਖਰੀਆਂ ਭਾਸ਼ਾਵਾਂ ਦੇ ਵਿੱਚ ਆਡੀਓ ਦੇ ਲਈ lunghealthcheckaware.co.uk'ਤੇ ਜਾਓ।

ودرا Polski বাংলা
ਪੰਜਾਬੀ Slovenčina Čeština

ਵੈੱਬਸਾਈਟ 'ਤੇ ਜਾਣ ਦੇ ਲਈ QR ਕੋਡ ਨੂੰ ਸਕੈਨ ਕਰੋ